# ਭਾਗ ੭ ਗੁਰ ਮਿਲਿ ਤਿਆਗਿਓ ਦੂਜਾ ਭਾਉ॥

**ਦੂਜੇ ਭਾਉ** ਦਾ ਵਿਸ਼ਾ ਬੜਾ ਸੂਖਮ ਤੇ ਡੂੰਘਾ ਹੈ, ਇਸ ਲਈ ਇਸ ਦੀ ਬਾਬਤ ਕਈ ਅਹਿਮ ਭੁਲੇਖੇ ਪਏ ਹੋਏ ਹਨ ।

ਆਮ ਤੌਰ ਤੇ ਜਦ ਅਸੀਂ—

ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥ (ਪੰਨਾ-੪੮੮)

ਅਥਵਾ

ਰਹਤ ਅਵਰ ਕਛੁ ਅਵਰ ਕਮਾਵਤ ॥
ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥ (ਪੰਨਾ-੨੬੯)

ਅਨੁਸਾਰ ਕਰਮ ਕਰਦੇ ਹਾਂ ਤਾਂ ਇਸੇ ਨੂੰ ਹੀ **ਦੂਜਾ ਭਾਉ** ਸਮਝੀ ਜਾਂਦੇ ਹਾਂ । ਅਸਲ ਵਿਚ ਇਹ **'ਦੋਚਿੱਤੇ'** ਦੀ ਅਵੱਸਥਾ ਹੈ । ਅਜਿਹੇ ਜੀਵਾਂ ਦਾ ਮਨ ਤਾਂ ਮਾਇਆ ਵਿਚ ਗਲਤਾਨ ਹੁੰਦਾ ਹੈ, ਪਰ ਉਪਰੋਂ ਪਰਮਾਰਥ ਦਾ ਦਮ ਵੀ ਭਰਦੇ ਹਨ । ਇਸ ਤਰ੍ਹਾਂ ਅਜਿਹੇ ਜੀਵ ਆਪਣੇ ਲੁਕਵੇਂ, ਨੀਵੇਂ, ਭੇਖੀ ਖਿਆਲਾਂ ਤੇ ਕਰਮਾਂ ਨੂੰ ਛੁਪਾ ਕੇ ਉਪਰੋਂ ਭਲੇ-ਭਲੇਰੇ ਬਣੇ ਰਹਿੰਦੇ ਹਨ—ਜਿਸਦਾ **ਪਾਜ** ਕਦੇ ਨ ਕਦੇ ਲਹਿ ਹੀ ਜਾਂਦਾ ਹੈ—

ਦੁਖੀਆ ਦੁਸਟੁ ਦੁਬਾਜਰਾ ਤਾਮੇ ਰੰਗਹੁ ਕੈਹਾਂ ਹੋਵੈ ।
ਬਾਹਰੁ ਦਿਸੈ ਉਜਲਾ ਅੰਦਰਿ ਮਸੁ ਨ ਧੋਪੈ ਧੋਵੈ । (ਵਾ.ਭਾ.ਗੁ. ੩੩/੧੧)

ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ ॥ (ਪੰਨਾ-੨੮)

ਇਸ ਤਰ੍ਹਾਂ ਧਾਰਮਿਕ ਜ਼ਫਰ ਜਾਲਦੇ ਹੋਏ ਵੀ ਇਨ੍ਹਾਂ ਦੁਚਿੱਤੇ ਧਰਮੀਆਂ ਦੀ ਆਤਮਿਕ ਤਰੱਕੀ ਨਹੀਂ ਹੁੰਦੀ ।

ਪਰ **'ਦੂਜੇ ਭਾਉ'** ਨੂੰ ਗੁਰਬਾਣੀ ਵਿਚ ਸਹੀ ਤੌਰ ਤੇ ਇਉਂ ਬਿਆਨ ਕੀਤਾ ਗਿਆ ਹੈ—

ਭਾਦੁਇ ਭਰਮਿ ਭੁਲਾਣੀਆ **ਦੂਜੈ ਲਗਾ ਹੇਤੁ ॥**
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥ (ਪੰਨਾ-੧੩੪)

**ਭੂਲਿਓ ਮਨੁ ਮਾਇਆ ਉਰਝਾਇਓ ॥**
**ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ ॥** (ਪੰਨਾ-੭੦੨)

**ਇਸ ਦਾ ਅਰਥ ਇਹ ਹੈ ਕਿ ਜਦ ਸਾਡਾ ਮਨ ਅਕਾਲ-ਪੁਰਖ ਤੋਂ ਬੇਮੁਖ ਹੋ ਕੇ**





## Meeting with the Guru, I have forsaken the love of duality.

The topic of second love is very abstract and deep, for this reason many important doubts prevail about it.

Generally when we act according to---

1 *Those who have one thing in their heart, and something else in their mouth, are judged to be false.* *(488)*

or

2 *He says one thing, and does something else.*
*There is no love in his heart, and yet with his mouth he talks tall.* *(269)*

we regard this as second love. In reality this is the stage of 'double-mindedness'. Such human beings are engrossed in maya but outwardly, momentarily show that they are following the religious path. In this way, such people hiding their concealed low base pretentious thoughts and actions, remain noble outwardly—the hypocrisy of which is revealed some time or other—

3 *The evil double-talker is copper which looks like bronze.*
*Apparently, the bronze looks bright but even persisting washing cannot clean its inner blackness.* *VBG33/11*

4 *Hypocrisy is not devotion-speaking words of duality leads only to misery. (28)*

Thus despite undergoing religious suffering, these double-minded religious people do not achieve spiritual progress.

But in Gurbani 'second love' is truly described as follows—

5 *In the month of Bhaadon, she is deluded by doubt, because of her attachment to duality.*
*She may wear thousands of ornaments, but they are of no use at all. (134)*

6 *My mind is deluded, entangled in Maya.*
*Whatever I do, while engaged in greed, only serves to bind me down. (702)*

This means that when our mind drifting away from the Timeless Being,

ਆਪਣੀ ਝੂਠੀ **'ਮੈਂ-ਮੇਰੀ'** ਦੇ ਭਰਮ-ਭੁਲਾਵੇ ਵਿਚ ਹੰਕਾਰਿਆ ਫਿਰਦਾ **ਹੈ** ਤਾਂ ਅਸੀਂ ਮਾਇਕੀ **'ਦੂਜੇ ਭਾਉ'** ਵਿਚ ਵਰਤਦੇ ਅਥਵਾ ਵਿਚਰਦੇ ਹਾਂ । ਇਸ ਤਰ੍ਹਾਂ ਅਕਾਲ ਪੁਰਖ ਨੂੰ ਭੁੱਲ ਕੇ ਕੀਤੇ ਸਾਡੇ ਸਭ ਕਰਮ ਅਜਾਂਈ ਜਾਂਦੇ ਹਨ ਅਤੇ ਅਸੀਂ ਰਸਾਤਲ ਵੱਲ ਰੁੜ੍ਹਦੇ ਜਾਂਦੇ ਹਾਂ—

ਖਸਮੁ ਛੋਡਿ **ਦੂਜੈ ਲਗੇ** ਡੁਬੇ ਸੇ ਵਣਜਾਰਿਆ ॥ (ਪੰਨਾ-੪੭੦)

ਐਸੇ **'ਦੂਜੇ ਭਾਉ'** ਦੇ ਕਰਮਾਂ ਨੂੰ ਗੁਰਬਾਣੀ ਵਿਚ ਇਉਂ ਬਿਆਨ ਕੀਤਾ ਗਿਆ ਹੈ—

ਹਉ ਹਉ ਕਰਤੇ ਕਰਮ ਰਤ ਤਾ ਕੋ ਭਾਰੁ ਅਫਾਰ ॥
ਪ੍ਰੀਤਿ ਨਹੀ ਜਉ ਨਾਮ ਸਿਉ ਤਉ ਏਊ ਕਰਮ ਬਿਕਾਰ ॥ (ਪੰਨਾ-੨੫੨)

ਵਰਤੁ ਨੇਮੁ ਨਿਤਾਪ੍ਰਤਿ ਪੂਜਾ ॥
**ਬਿਨੁ ਬੂਝੇ ਸਭੁ ਭਾਉ ਹੈ ਦੂਜਾ ॥** (ਪੰਨਾ-੮੪੧)

ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥
ਕੋਟਿ ਕਰਮ ਕਰਤੌ ਨਰਕਿ ਜਾਵੈ ॥ (ਪੰਨਾ-੨੪੦)

**ਨਾਮ ਬਿਨਾ ਸਭੁ ਜਗੁ ਹੈ ਮੈਲਾ**
ਦੂਜੈ ਭਰਮਿ ਪਤਿ ਖੋਈ ॥ (ਪੰਨਾ-੧੨੩੪)

ਕੂਰ ਕ੍ਰਿਆ ਉਰਝਿਓ ਸਭ ਹੀ ਜਗ
**ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥** (ਸਵੱਯੇ ਪਾ: ੧੦)

ਹਉ ਹਉ ਕਰੇ ਤੈ ਆਪੁ ਜਣਾਏ ॥
ਬਹੁ ਕਰਮ ਕਰੈ ਕਿਛੁ ਥਾਇ ਨ ਪਾਏ ॥ (ਪੰਨਾ-੧੨੭)

ਇਸ ਤਰ੍ਹਾਂ ਹਉਂਮੈ ਅਥਵਾ ਮੈਂ-ਮੇਰੀ ਦੇ ਭਰਮ-ਭੁਲਾਵੇ ਵਿਚ ਕੀਤੇ ਸਾਡੇ ਸਾਰੇ ਕਰਮ-ਧਰਮ, ਪੁੰਨ-ਦਾਨ, ਮੇਲ-ਜੋਲ ਆਦਿ ਸਭ ਤ੍ਰੈ-ਗੁਣੀ **ਮਾਇਕੀ-ਮੰਡਲ ਦਾ ਹੀ ਵਰਤ-ਵਰਤਾਰਾ ਅਤੇ ਪ੍ਰਗਟਾਵਾ ਹੈ ।** ਮਾਇਕੀ 'ਦੂਜੇ ਭਾਉ' ਵਿਚ ਮੋਹਣੀ ਮਾਇਆ ਦੀ ਕੁਸੰਗਤ ਕਰਦਿਆਂ ਅਸੀਂ—

ਆਤਮਿਕ **ਵਿਰਾਸਤ** ਨੂੰ ਭੁੱਲ ਜਾਂਦੇ ਹਾਂ
ਮੋਹ-ਮਾਇਆ ਵਿਚ ਫਸ ਜਾਂਦੇ ਹਾਂ
ਪਰਮਾਤਮਾ ਤੋਂ ਬੇਮੁਖ ਹੋ ਜਾਂਦੇ ਹਾਂ
ਮੈਂ-ਮੇਰੀ ਵਿਚ ਵਿਚਰਦੇ ਹਾਂ
ਪੰਚ ਬਿਖਾਦੀਆ ਦੀ ਕੁਸੰਗਤ ਕਰਦੇ ਹਾਂ
ਮਾਇਆ ਵਿਚ ਗਲਤਾਨ ਹੋ ਕੇ ਦੁਖੀ ਹੁੰਦੇ ਹਾਂ



wanders in the doubt-fallacy of its false 'me-mineness', then we abide in the materialistic 'second love'. In this way, forgetting the Timeless Being, all our (good) actions done are wasted and we are carried towards hell—

1 *Those dealers who abandon their Lord and Master and attach themselves to another are drowned.* 470

Such actions of 'second love' are described in Gurbani thus—

2 *Acting in egotism, selfishness and conceit, the lovers of rituals carry the unbearable load.*
*When there is no love for the Naam, then these rituals are useless.* 242

3 *All fasts, religious rituals and daily worship services*
*without genuine understanding, lead only to the love of duality.* (841)

4 *One whose mind does not embrace love for the Naam*
*shall go to hell, even though he may perform millions of ceremonial rituals.* 240

5 *Without the Name, the whole world is polluted; wandering in duality, it loses its honor.* (1234)

6 *The whole world is engaged in false acts. The Supreme Lord's mystery is known to none.* (Sawaiye P 10)

7 *Practicing egotism and selfishness, they try to impress others by showing off.*
*They perform all sorts of rituals, but they gain no acceptance.* 127

Thus our religious beliefs and practices, charity, friendship etc carried out in egotism or doubt-fallacy of me-mineness, are all a flourishing and manifestation of the triguni (three-phased) materialistic realm. In materialistic 'second love' having the negative company of infatuating maya we—

Forget spiritual inheritance
Get entangled in attachment of materialism
Turn away from the Supreme Soul
Abide in me-mineness
Associate with the negative company of the five thieves
Suffer having become engrossed in maya

ਹਉਮੈ ਵਿਚ ਕਰਮਬਧ ਹੁੰਦੇ ਹਾਂ
ਆਵਾਗਵਨ ਦੇ ਚੱਕਰ ਵਿਚ ਪੈਂਦੇ ਹਾਂ
ਜਮਾਂ ਦੇ ਵੱਸ ਪੈਂਦੇ ਹਾਂ ।

ਜਦ ਤਾਂਈ ਅਸੀਂ ਚਾਨਣ ਵਿਚ ਰਹਿੰਦੇ ਹਾਂ, ਰੌਸ਼ਨੀ ਦੀ ਸੰਗਤ ਕਰਦੇ ਹਾਂ ਤਾਂ ਉਸ ਦੀਆਂ ਬੇਅੰਤ ਬਰਕਤਾਂ ਤੋਂ ਲਾਹਾ ਲੈਂਦੇ ਹਾਂ ।

ਰੌਸ਼ਨੀ ਤੋਂ ਉਹਲੇ ਹੋ ਕੇ ਅਸੀਂ ਹਨੇਰੇ ਦੀ ਕੁਸੰਗਤ ਕਰਦੇ ਹਾਂ ਤਾਂ ਉਸ ਵਿਚੋਂ ਉਪਜੇ ਸਭ ਦੁਖ-ਕਲੇਸ਼ ਭੋਗਦੇ ਹਾਂ ।

ਇਸੇ ਤਰ੍ਹਾਂ ਜਦ ਸਾਡਾ ਮਨ ਪਰਮੇਸ਼ਰ ਨੂੰ **ਭੁੱਲ** ਜਾਂਦਾ ਹੈ ਤਾਂ ਅਸੀਂ ਅਕਾਲ ਪੁਰਖ ਤੋਂ ਬੇਮੁਖ ਹੋ ਕੇ **'ਦੂਜੇ-ਭਾਉ'** ਦੇ ਹਨੇਰ ਵਿਚ ਵਿਚਰਦੇ ਹਾਂ ਅਥਵਾ ਮਾਇਆ ਦੇ ਅਨੇਕ ਦੂਤਾਂ ਨਾਲ ਕੁਸੰਗਤ ਕਰਦੇ ਦੁਖ ਭੋਗਦੇ ਹਾਂ—

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥ (ਪੰਨਾ-੧੩੫)

ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ ॥ (ਪੰਨਾ-੩੮੩)

ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥ (ਪੰਨਾ-੫੨੨)

ਇਸਦਾ ਕਾਰਣ ਇਹ ਹੈ ਕਿ ਸਾਡਾ ਮਨ ਇਲਾਹੀ ਵਿਰਾਸਤ ਅਰਥਾਤ—

ਨਾਮ
ਸ਼ਬਦ
ਹੁਕਮ

**ਤੋਂ ਬੇਖਬਰ ਤੇ ਅਨਜਾਣ ਹੈ ।** ਜਿਵੇਂ ਛੁਪੇ ਹੋਏ ਅਦ੍ਰਿਸ਼ਟ ਕਰੰਟ ਨੂੰ ਲੱਭਣ ਲਈ ਟੈਸਟਰ (tester) ਦੀ ਸੂਈ ਦੀ ਨੋਕ ਨਾਲ ਰਬੜ ਦੇ ਉਪਰਲੇ ਹਿੱਸੇ ਨੂੰ ਵਿੰਨ੍ਹ ਕੇ ਜਿਉਂਦੀ ਤਾਰ ਨੂੰ ਛੂਹਣਾ ਲਾਜ਼ਮੀ ਹੈ । ਇਸੇ ਤਰ੍ਹਾਂ ਸਾਡੇ ਅੰਤ੍ਰ-ਆਤਮੇ 'ਨਾਮ' ਜਾਂ 'ਹੁਕਮ' ਨੂੰ—

ਬੁੱਝਣ
ਸੀਝਣ
ਚੀਨਣ
ਪਹਿਚਾਨਣ
ਪ੍ਰਕਾਸ਼ ਕਰਨ
ਪ੍ਰਗਟਾਵਾ ਕਰਨ

ਲਈ ਮਨ ਦੀ ਬਾਹਰਮੁਖੀ ਸੁਰਤੀ-ਬਿਰਤੀ ਦੀਆਂ ਸੂਖਮ ਸੂਈਆਂ ਨੂੰ **ਅੰਦਰ ਵੱਲ ਮੋੜ ਮੋੜ ਕੇ** ਧਿਆਨ-ਸਹਿਤ, ਇਕਾਗਰ-ਚੀਤ ਹੋ ਕੇ, ਸਿਮਰਨ ਕਰਕੇ, ਅੰਤ੍ਰ-ਆਤਮੇ



Become action bound in egotism
Get into the cycle of births-deaths
Come under the control of the couriers of death.

As long as we stay in light, and have the company of illumination, we derive benefit from the unlimited blessings of this radiance.

By hiding from illumination, we have the negative company of darkness from which arise suffering-pain that we experience.

Similarly when we forget the Supreme Being, we drifting from him, abide in the darkness of 'second love' or (it can be said that) having negative company of various messengers of materialism, we experience suffering—

1 *Forgetting the Transcendent Lord, all sorts of illnesses are contracted. 134*

2 *If I forget You, then everyone becomes my enemy. When You come to mind, then they serve me. 383*

3 *Millions of obstacles stand in the way of one who forgets the Name. 522*

The cause of this is that our mind is uninformed and ignorant of Divine inheritance meaning—

Naam
Shabad (Divine word)
Hukam or command.

Just as the tester pierces the rubber covering of a wire with the sharp point of a needle to touch the live wire to find the hidden unseen current, similarly in order to—

Discover
Research
Discern
Recognize
Illuminate
Express

'Naam' or 'command' in our innermost consciousness, we have to turn the subtle needles of our outward focus of our mind, inwards and it is very necessary to touch-feel the life-current, Naam,

ਜੀਵਨ-ਰੌਂਅ, ਨਾਮ, ਹੁਕਮ ਨਾਲ **ਪਰਸਣਾ-ਛੂਹਣਾ ਲਾਜ਼ਮੀ ਹੈ**—

ਸਾਹਿਬੁ ਸਦਾ ਹਜੂਰਿ ਹੈ ਭਰਮੈ ਕੇ ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ ॥
(ਪੰਨਾ-੫੫੪)

ਆਪਣੀ ਵਿਰਾਸਤ ਨੂੰ ਬੁਝਣ-ਪਹਿਚਾਨਣ ਦਾ ਇਕੋ-ਇਕ ਸਾਧਨ ਗੁਰੂ ਕ੍ਰਿਪਾ ਦੁਆਰਾ ਮਨ ਦੇ **'ਦੂਜੇ-ਭਾਉ'** ਦੇ ਛੌੜ ਜਾਂ ਅੰਧ-ਗੁਬਾਰ ਨੂੰ ਚੀਰ ਕੇ ਅੰਤਰ ਆਤਮੇ ਆਪਣੀ ਜੋਤ, ਨਾਮ ਜਾਂ ਹੁਕਮ ਨੂੰ ਛੂਹਣਾ ਹੈ—

ਗੁਰ ਸਾਖੀ ਜੋਤਿ ਪਰਗਟੁ ਹੋਇ ॥ (ਪੰਨਾ-੬੬੩)

ਜਿਵੇਂ ਬੁਝੀ ਹੋਈ ਬੱਤੀ ਦੂਜੀ ਬੁਝੀ ਬੱਤੀ ਨੂੰ ਜਗਾ ਨਹੀਂ ਸਕਦੀ, ਇਸੇ ਤਰ੍ਹਾਂ ਮੁਰਦਾ ਤਾਰ (dead wire) ਦੂਜੀ ਤਾਰ ਨੂੰ ਕਰੰਟ ਨਹੀਂ ਦੇ ਸਕਦੀ।

ਸਿਰਫ **ਜਿਉਂਦੀ ਤਾਰ** ਹੀ ਮੁਰਦਾ ਤਾਰ ਨੂੰ ਜੀਵਨ-ਰੌਂਅ ਦੇ ਸਕਦੀ ਹੈ, ਜਿਉਂਦੀ ਕਰ ਸਕਦੀ ਹੈ।

ਇਸੇ ਤਰ੍ਹਾਂ ਨਾਮ ਨਾਲ ਪ੍ਰਕਾਸ਼ਿਤ ਹੋਈਆਂ ਜਗ-ਮਗ ਕਰਦੀਆਂ ਰੂਹਾਂ ਅਥਵਾ ਬਖਸ਼ੇ ਹੋਏ ਗੁਰਮੁਖ ਪਿਆਰਿਆਂ ਦੀਆਂ ਆਤਮਿਕ ਕਿਰਨਾਂ (divine rays) ਦੀ—

ਸੰਗਤ
ਪਰਸ
ਛੋਹ
ਤੱਕਣੀ
ਕ੍ਰਿਪਾ-ਕਟਾਖ
ਗੁਰਪ੍ਰਸਾਦਿ

ਨਾਲ ਸਾਡੇ ਅੰਤ੍ਰ-ਆਤਮੇ ਸੁਤੀ ਹੋਈ ਸੁਰਤੀ ਜਾਗ ਸਕਦੀ ਹੈ। **ਆਤਮ-ਪ੍ਰਕਾਸ਼ ਦੇ ਇਸ ਚਾਨਣ ਨਾਲ ਦੂਜੇ ਭਾਉ** ਦਾ ਮਾਇਕੀ ਹਨੇਰ ਉਡ-ਪੁਡ ਜਾਂਦਾ ਹੈ।

ਪਰ ਇਹ ਅਨੋਖੀ ਆਤਮਿਕ ਖੇਲ੍ਹ—

ਪੜ੍ਹ-ਪੜ੍ਹਾਕੇ
ਸੁਣ-ਸੁਣਾਕੇ
ਸਮਝ-ਸਮਝਾਕੇ
ਸਿਆਣਪਾਂ
ਚਤੁਰਾਈਆਂ



hukam or command with attention, focus, and meditation in our innermost consciousness.

1 *The Lord Master is ever present. He tears away the veil of doubt and installs His Light within the mind.* *(554)*

To discover-recognize our inheritance, there is only one method to tear off the veil or the pitch darkness of 'second love' of the mind through the grace of Guru and touch the light, Naam or command in the innermost consciousness.

2 *By the Guru's Teachings, this Divine Light is revealed.* *663*

Just as an extinguished lamp cannot light another lamp, similarly a dead wire cannot give current to another wire.

Only a live wire can give life-current to a dead wire and make it live.

In the same way, our sleeping awareness in our innermost consciousness, can be awakened with the—

Company
Touch
Feel
Gaze
Graceful glance
Guru's grace

of Divine rays of enlightened, illuminated souls or spiritually elevated guru-oriented beloved ones. With the radiance of spiritual-illumination, the materialistic darkness of second love vanishes.

But this extraordinary spiritual play cannot be achieved through—

Reading
Listening
Understanding
Cleverness
Cunningness

ਉਕਤੀਆਂ-ਜੁਗਤੀਆਂ

ਕਰਮ-ਕਾਂਡਾਂ

ਜਾਂ **ਆਪਣੇ ਜ਼ੋਰ** ਨਾਲ—

ਸਿਖੀ

ਸਮਝੀ

ਜਾਣੀ

ਬੁਝੀ

ਕਮਾਈ

ਪਹਿਚਾਣੀ

ਮੰਨੀ

ਜਾਂ ਖੇਲ੍ਹੀ ਨਹੀਂ ਜਾ ਸਕਦੀ—

ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥ (ਪੰਨਾ-੬੪੧)

ਕੋਟਿ ਕਰਮ ਕਰੈ ਹਉ ਧਾਰੇ ॥
ਸ੍ਰਮੁ ਪਾਵੈ ਸਗਲੇ ਬਿਰਥਾਰੇ ॥ (ਪੰਨਾ-੨੭੮)

ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ (ਪੰਨਾ-੭)

ਗਿਆਨੁ ਧਿਆਨੁ ਸਭੁ ਕੋਈ ਰਵੈ ॥
ਬਾਂਧਨਿ ਬਾਂਧਿਆ ਸਭੁ ਜਗੁ ਭਵੈ ॥ (ਪੰਨਾ-੭੨੮)

ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਦਿਮਾਗੀ ਗਿਆਨ ਤੇ ਅਕਲ ਨੂੰ ਤਿਲਾਂਜਲੀ ਦੇ ਦੇਣੀ ਹੈ, ਸਗੋਂ ਇਸ ਦੀ **ਮਾਇਕੀ ਸੇਧ ਬਦਲਣੀ ਹੈ**—

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥
ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥ (ਪੰਨਾ-੧੨੪੫)

ਗੋਵਿੰਦ ਭਜਨ ਕੀ ਮਤਿ ਹੈ ਹੋਰਾ ॥ (ਪੰਨਾ-੩੮੧)

ਐਸਾ ਗਿਆਨੁ ਜਪਹੁ ਮਨ ਮੇਰੇ ॥
ਹੋਵਹੁ ਚਾਕਰ ਸਾਚੇ ਕੇਰੇ ॥ (ਪੰਨਾ-੭੨੮)

ਪਰ ਸਾਡੀ ਮਾਇਕੀ ਬੁਧੀ ਦੀਆਂ ਸਿਆਣਪਾਂ, ਫਿਲੌਸਫੀਆਂ ਅਕਾਲ ਪੁਰਖ ਦੀ ਯਾਦ ਵਿਚ **ਸਹਾਈ ਹੋਣ ਦੀ ਥਾਂ ਰੁਕਾਵਟ** ਤੇ **ਵਿਘਨ** ਦਾ ਕਾਰਣ ਬਣ ਗਈਆਂ ਹਨ। ਸਾਡੇ ਮਨ ਦੇ—

ਕਿੰਤੂ

ਸ਼ੰਕੇ



Schemes and methodologies

Rites-rituals

or—

Learnt

Understood

Known

Discovered

Cultivated

Recognized

Acknowledged

with our strength or force.

1 *O Beloved, this is not the way to meet the Lord; I have performed these rituals so many times.* *641*

2 *If someone does millions of good deeds, while acting in ego,*
*he shall incur only trouble; all this is in vain.* *279*

3 *No power to gain intuitive understanding, spiritual wisdom and meditation.* *7*

4 *Everyone speaks of wisdom and meditation;*
*but bound in bondage, the whole world is wandering around in confusion.* *728*

This does not mean that we have to forsake intellectual knowledge and wisdom, instead we are to change its materialistic direction—

5 *Wisdom leads us to serve our Lord and Master; through wisdom, honor is obtained.*
*Wisdom does not come by reading textbooks; wisdom inspires us to give in charity.* *(1245)*

6 *The way to vibrate and meditate on the Lord of the Universe is different.* *(381)*

7 *Meditate on such spiritual wisdom, O my mind, and become the slave of the True Lord.* *728*

But the cleverness, philosophies of our materialistic intellect have become the cause of hindrance and an obstacle in the remembrance of the Timeless Being, instead of being of help.

Our—

Objections

Suspicions

ਕਿਉਂ
ਕਿਆ
ਕੈਸੇ
ਦਲੀਲਾਂ
ਉਕਤੀਆਂ
ਜੁਗਤੀਆਂ
ਚਲਾਕੀਆਂ
ਢਕੌਂਸਲੇ
ਹੁਜਤਾਂ
ਪਾਖੰਡ

ਸਾਨੂੰ ਅਕਾਲ ਪੁਰਖ ਦੀ ਨਿੱਘੀ ਗੋਦ ਤੋਂ ਦੂਰੇਡੇ ਲੈ ਜਾਂਦੇ ਹਨ—

ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥ (ਪੰਨਾ-੪੭੪)

ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ ॥ (ਪੰਨਾ-੪੭੪)

ਅਕਾਲ ਪੁਰਖ ਇਕ ਹੈ। ਉਸ ਦਾ ਹੁਕਮ ਵੀ ਇਕ ਹੈ—

ਇਕੋ ਹੁਕਮੁ ਵਰਤਦਾ ਏਕਾ ਸਿਰਿ ਕਾਰਾ ॥ (ਪੰਨਾ-੪੨੫)

ਇਸ ਇਲਾਹੀ ਹੁਕਮ ਵਿਚ **ਦੂਜਾ ਭਾਉ** ਨਹੀਂ ਹੋ ਸਕਦਾ। ਚੌਰਾਸੀ ਲੱਖ ਜੂਨਾਂ ਸਹਿਜ-ਸੁਭਾਇ ਅਨਜਾਣੇ ਹੀ ਹੁਕਮ ਦੀ ਰਵਾਨਗੀ ਜਾਂ ਭਾਣੇ ਵਿਚ ਸੁਰ ਹੋ ਕੇ ਰੁੜ੍ਹ ਰਹੀਆਂ ਹਨ। ਪਰ ਇਨਸਾਨ ਆਪਣੇ ਇਲਾਹੀ ਹੁਕਮ ਤੋਂ **ਬੇਸੁਰੇ** ਹੋ ਕੇ ਆਪੋ-ਆਪਣੀ ਮਨ-ਮਰਜ਼ੀ ਕਰਦੇ ਹਨ ਜਿਸ ਨੂੰ **'ਮਨਮਤਿ'** ਕਿਹਾ ਜਾਂਦਾ ਹੈ। ਇਸ ਵਿਚ **'ਦੂਜੇ ਭਾਉ'** ਦੀ ਰੰਗਤ ਹੋਣ ਕਾਰਣ **ਟਾਕਰਾ** ਹੁੰਦਾ ਰਹਿੰਦਾ ਹੈ ਜਿਸ ਕਾਰਣ ਇਨਸਾਨਾਂ ਵਿਚ ਖੁਦਗਰਜ਼ੀ, ਈਰਖਾ, ਦਵੈਤ, ਵੈਰ-ਵਿਰੋਧ, ਲੜਾਈਆਂ, ਝਗੜੇ ਹੁੰਦੇ ਰਹਿੰਦੇ ਹਨ, ਜਿਸ ਨਾਲ ਸਾਡਾ ਜੀਵਨ ਅਸ਼ਾਂਤ ਤੇ ਦੁਖਦਾਈ ਹੋ ਰਿਹਾ ਹੈ।—

ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥ (ਪੰਨਾ-੪੦੦)

ਇਕਿ ਹੁਕਮੁ ਮੰਨਿ ਨ ਜਾਣਨੀ ਭਾਈ ਦੂਜੈ ਭਾਇ ਫਿਰਾਇ ॥ (ਪੰਨਾ-੧੪੧੯)

ਇਸ ਤਰ੍ਹਾਂ ਜਨਮ-ਜਨਮਾਂਤਰਾਂ ਤੋਂ ਸਾਡੇ ਮਨ ਉਤੇ ਹਉਮੈ ਦੀ ਅਗਿਆਨਤਾ ਅਥਵਾ **'ਦੂਜੇ ਭਾਉ'** ਦੇ ਭਰਮ-ਭੁਲਾਵੇ ਦੇ ਕਾਲੇ ਬੋਲੇ ਬੱਦਲ ਛਾਏ ਹੋਏ ਹਨ, ਜਿਸ ਕਰਕੇ ਅਸੀਂ ਆਪਣੀ ਇਲਾਹੀ ਵਿਰਾਸਤ ਤੋਂ—

ਅਨਜਾਣ
ਅਵੇਸਲੇ



Whys
Whats
Hows
Ideas
Reasoning
Devices
Cunningness
Deceptions
Arguments
Hypocrisies

of our mind take us away from the warm bosom of the Timeless Being—

1 *One who offers both respectful greetings and rude refusal to his master, has gone wrong from the very beginning.* 474

2 *But if he claims to be equal to his Master, he earns his Master's displeasure.* 474

The Timeless Being is One. His command is also One.

3 *The Command of the One Lord is pervading throughout; duty to the One Lord is upon the heads of all.* (425)

There can be no second love in this Divine command. 8.4 million creatures are spontaneously, unknowingly abiding in this flow of command or are in tune with Divine will. But human beings, becoming out of tune with the Divine command, are living according to their self-will which is said to be 'wilfulness' or 'apostasy'. Because there is the colouring of 'second love' in this, there is often conflict and opposition as a result of which selfishness, jealousy, duality, enmity-opposition, fights, arguments occur among human beings with which our lives become troubled and suffer.

4 *As long as he does not understand the Command of God's Will, he remains miserable.* (400)

5 *Some do not know how to submit to the Hukam of His Command, O Siblings of Destiny;*
*they wander around lost in the love of duality.* 1419

In this way from many previous births, the ignorance of egotism or the black clouds of the doubt-fallacy of 'second love' have shadowed our minds as a result of which we are—

Ignorant
Indifferent

ਹੋ ਕੇ ਦੁਖਦਾਈ ਜੀਵਨ ਬਤੀਤ ਕਰ ਰਹੇ ਹਾਂ—

ਮਨਮੁਖ ਦੂਜੈ ਪਚਿ ਮੁਏ ਨਾ ਬੂਝਹਿ ਵੀਚਾਰਾ ॥ (ਪੰਨਾ-੧੪੧)

**ਦੂਜੈ ਭਾਇ ਸਦਾ ਦੁਖੁ ਪਾਏ ਤ੍ਰੈ ਗੁਣ ਭਰਮਿ ਭੁਲਾਇਦਾ ॥** (ਪੰਨਾ-੧੦੬੬)

ਜੇਕਰ ਕੋਈ ਵਿਰਲਾ ਜੀਵ ਆਪਣੇ ਨਰਕਮਈ ਦੁਖੀ ਜੀਵਨ ਤੋਂ ਤੰਗ ਆ ਕੇ ਤ੍ਰਾਹ-ਤ੍ਰਾਹ ਕਰਕੇ ਸਤਿਗੁਰੂ ਦੀ ਸ਼ਰਨ ਆਉਂਦਾ ਹੈ ਤਾਂ ਸਤਿਗੁਰੂ ਦੀ ਬਖਸ਼ਿਸ਼ ਦੁਆਰਾ ਉਸਨੂੰ ਸੱਚੀ-ਸੁੱਚੀ ਆਤਮਿਕ ਜੀਵਨ ਵਾਲੀ ਸਤਿਸੰਗਤ ਅਥਵਾ ਸਾਧਸੰਗਤ ਪ੍ਰਾਪਤ ਹੁੰਦੀ ਹੈ—

ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ ॥
ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ ॥ (ਪੰਨਾ-੭੧)

ਕਿਰਪਾ ਨਿਧਿ ਕਿਰਪਾਲ ਧਿਆਵਉ ॥
ਸਾਧਸੰਗਿ ਤਾ ਬੈਠਣੁ ਪਾਵਉ ॥ (ਪੰਨਾ-੧੮੩)

ਸਾਧ ਸੰਗਤਿ ਕਰਦਿਆਂ ਸਾਡੇ ਅੰਤ੍ਰਆਤਮੇ ਅਕਾਲ-ਪੁਰਖ ਦੀ—

**ਸ਼ਰਧਾ ਭਾਵਨੀ ਵਧਦੀ ਜਾਂਦੀ ਹੈ**
**ਮਾਇਕੀ ਰੰਗਤ ਘਟਦੀ** ਜਾਂਦੀ ਹੈ
ਦੂਜੇ ਭਾਉ ਦਾ ਹਨੇਰ ਦੂਰ ਹੁੰਦਾ ਜਾਂਦਾ ਹੈ ।
ਨਾਮੇ ਦਾ ਰੰਗ ਚੜ੍ਹਦਾ ਜਾਂਦਾ ਹੈ ।

ਗਈ ਗਿਲਾਨਿ ਸਾਧ ਕੈ ਸੰਗਿ ॥
ਮਨੁ ਤਨੁ ਰਾਤੌ ਹਰਿ ਕੈ ਰੰਗਿ ॥ (ਪੰਨਾ-੮੯੨)

ਮਹਾ ਪਵਿਤ੍ਰੁ ਸਾਧ ਕਾ ਸੰਗੁ ॥
ਜਿਸੁ ਭੇਟਤ ਲਾਗੈ ਪ੍ਰਭ ਰੰਗੁ ॥ (ਪੰਨਾ-੩੯੨)

ਜੀਵਨ ਵਿਚ ਅਜਿਹੀ ਮਹੱਤਵਪੂਰਣ ਤਬਦੀਲੀ ਲਿਆਉਣ ਲਈ ਸਭ ਤੋਂ ਪਹਿਲਾ ਤੇ ਜ਼ਰੂਰੀ ਸਾਧਨ ਬਖਸ਼ੇ ਹੋਏ ਗੁਰਮੁਖ ਪਿਆਰਿਆਂ ਦੀ ਸੰਗਤ ਅਥਵਾ ਸਾਧਸੰਗਤ ਹੀ ਦੱਸੀ ਗਈ ਹੈ—

ਖੋਜਤ ਖੋਜਤ ਸੁਨੀ ਇਹ ਸੋਇ ॥
ਸਾਧਸੰਗਤਿ ਬਿਨੁ ਤਰਿਓ ਨ ਕੋਇ ॥ (ਪੰਨਾ-੩੭੩)





towards our Divine inheritance and are leading painful lives—

1 *The self-willed manmukhs putrefy and die in duality. They do not understand contemplative meditation.* 141

2 *In the love of duality, he suffers in pain forever; he is deluded by doubt, and confused by the three gunas. 1066*

If some rare person experiencing a hell-like painful life and crying in agony comes to take the protection of Satguru (true guru), then through Satguru's grace he obtains the life of true-pure spiritual satsangat (holy company) or sadhsangat (holy congregation).

3 *The Supreme Lord showers His Mercy, and we find the Saadh Sangat, the Company of the Holy.*
*The more time we spend there, the more we come to love the Lord.* 71

4 *Meditating on the Merciful Lord, the Treasure of Mercy,*
*I have obtained a seat in the Saadh Sangat.* 183

While being in the company of holy congregation, in our inner most consciousness —

Our faith-filled desire for the Timeless Being increases
materialistic colouring decreases
the darkness of second love drifts away
the colouring of Naam is imbued.

5 *In the Saadh Sangat, the Company of the Holy, my aversion is gone.*
*My mind and body are imbued with love for the Lord.* 892

6 *The Saadh Sangat, the Company of the Holy, is so very pure and sacred.*
*Meeting with them, love for God is embraced.* (392)

To bring such significant change in life, the first and fore most necessary means is the company of spiritually elevated guru-oriented beloved ones or sadhsangat (holy congregation)—

7 *By searching and seeking, I have heard this news,*
*that without the Saadh Sangat, the Company of the Holy, no one swims across.* (373)

ਸਾਧਸੰਗਤਿ ਬਿਨਾ ਭਾਉ ਨਹੀ ਊਪਜੈ
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥ (ਪੰਨਾ-੬੯੪)

ਦੂਜੇ ਲਫਜ਼ਾਂ ਵਿਚ ਮਾਇਕੀ ਭਰਮ-ਭੁਲਾਵੇ ਅਥਵਾ **ਦੂਜੇ** ਭਾਉ ਵਿਚ ਗਲਤਾਨ ਹੋਏ ਜੀਵਾਂ ਨੂੰ ਸਤਿ ਸੰਗਤ ਦੁਆਰਾ ਆਤਮਿਕ ਮੰਡਲ ਦਾ—

ਗਿਆਨ ਹੁੰਦਾ ਹੈ

ਨਿਸਚਾ ਆਉਂਦਾ ਹੈ

ਸ਼ਰਧਾ ਉਪਜਦੀ ਹੈ

ਚਾਉ ਪੈਦਾ ਹੁੰਦਾ ਹੈ

ਉਮਾਹ ਉਠਦਾ ਹੈ

ਇਸ ਤਰ੍ਹਾਂ ਨਾਮ-ਪ੍ਰਕਾਸ਼ ਵਾਲੀਆਂ **ਜਾਗਤ ਜੋਤਾਂ** ਦੀ ਸੰਗਤ ਕਰਦਿਆਂ ਅਥਵਾ ਸਤਿਸੰਗਤ ਕਰਦਿਆਂ ਕਿਸੇ ਸੁਭਾਗੇ ਸਮੇਂ ਜਗਿਆਸੂ ਦੇ ਅੰਦਰ ਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ ਅਥਵਾ ਗੁਰਸ਼ਬਦੀ ਗੋਬਿੰਦ ਗਜਿਆ ਹੋ ਜਾਂਦਾ ਹੈ ਅਤੇ ਉਹ ਜੀਵ ਮਨਮੁਖ ਤੋਂ ਗੁਰਮੁਖ ਬਣ ਕੇ ਸੁਭਾਗਾ ਹੋ ਜਾਂਦਾ ਹੈ। **ਗੁਰਸ਼ਬਦ ਦੀ ਕਮਾਈ** ਦੁਆਰਾ ਜਗਿਆਸੂ—

ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥ (ਪੰਨਾ-੪੮੭)

ਅਨੁਸਾਰ ਦੈਵੀ ਸੰਪਦਾ ਜਾਂ ਆਪਣੀ ਆਤਮਿਕ ਵਿਰਾਸਤ ਦਾ ਮਾਲਕ ਬਣ ਜਾਂਦਾ ਹੈ—

ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥
ਤਾ ਮੇਰੈ ਮਨਿ ਭਇਆ ਨਿਧਾਨਾ ॥ (ਪੰਨਾ-੧੮੬)

ਸ਼ਬਦ ਦੇ ਅੰਤਰ-ਆਤਮੇ ਅਨੁਭਵੀ ਪ੍ਰਕਾਸ਼ ਦੁਆਰਾ **ਦੂਜੇ ਭਾਉ** ਦਾ ਹਨੇਰ ਉਡ-ਪੁਡ ਜਾਂਦਾ ਹੈ ਅਤੇ ਜੀਵ ਅਨੇਕਾਂ ਸਰੀਰਕ, ਮਾਨਸਿਕ ਤੇ ਆਤਮਿਕ ਬਰਕਤਾਂ ਦਾ ਹੱਕਦਾਰ ਬਣ ਜਾਂਦਾ ਹੈ ।

ਮਨੁੱਖ ਆਪਣੇ ਹਰ ਕੰਮ ਲਈ ਵਿਉਂਤ ਬਣਾਉਂਦਾ ਤੇ ਉਦਮ ਕਰਦਾ ਹੈ। ਇਸ ਚਿੰਤਾ ਵਿਚ ਉਸਦਾ ਮਾਨਸਿਕ ਤਨਾਉ (mental tension) ਬਣਿਆ ਰਹਿੰਦਾ ਹੈ। ਪਰ ਜਦ ਸਾਧਸੰਗਤ ਵਿਚ ਵਿਚਰਦਿਆਂ ਹੋਇਆਂ **ਗੁਰ ਸ਼ਬਦ ਦੀ ਕਮਾਈ** ਦੁਆਰਾ ਜੀਵ ਨੂੰ **'ਨਾਮ'** ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਸਦੇ ਹਰ ਕਾਰਜ ਦੀ ਸਾਰ ਸੰਭਾਲ ਪ੍ਰਭੂ ਆਪ ਕਰਦਾ ਹੈ—

ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ
ਜਿਨ ਹਰਿ ਕਾ ਨਾਮੁ ਪਿਆਰਾ ॥ (ਪੰਨਾ-੬੩੮)

ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ । (ਪੰਨਾ-੯੧੭)



1 *Without the Saadh Sangat, the Company of the Holy, love for the Lord does not well up;*
*without this love, Your devotional worship cannot be performed. (694)*

In other words people who are absorbed in materialistic doubt-fallacy or second love acquire—

knowledge

confidence

faith

love

exuberance

of the spiritual realm through satsangat (holy company)

In this way, having the company of the awakened souls with the illumination of Naam or the company of holy congregation, at some auspicious time, the truth-seeker gets the illumination of Naam or through the Gurshabad (Guru's word) the Lord of the universe is revealed(to him) and that being becoming guru-oriented from the self-willed one, is considered very fortunate.

Through the cultivation of guru's word and according to (Gurbani line)-

2 *The calico-printer, worth half a shell, became worth millions. 487*

Thus the truth-seeker becomes the master of divine wealth or spiritual inheritance.

3 *When I opened it up and gazed upon the treasures of my father and grandfather;*
*then my mind became very happy.*

In the innermost consciousness of Shabad (word) through intuitional illumination, the darkness of second love vanishes and man becomes the rightful owner of various physical, mental and spiritual blessings.

Man plans all his affairs and works hard. In this worry he undergoes mental tension. But when abiding in sadhsangat and through the cultivation of Gurshabad (Guru's word), he obtains Naam, then all his affairs are looked after by the Timeless Being—

4 *God automatically does the work of those*
*who love the Name of the Lord. 638*

5 *He will accept You as His own, and all your affairs will be perfectly arranged. 917*

ਜਹ ਜਹ ਕਾਜ ਕਿਰਤਿ ਸੇਵਕ ਕੀ
ਤਹਾ ਤਹਾ ਉਠਿ ਧਾਵੈ ॥੧॥
ਸੇਵਕ ਕਉ ਨਿਕਟੀ ਹੋਇ ਦਿਖਾਵੈ ॥ (ਪੰਨਾ-੪੦੩)

ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥
ਸਤਿਗੁਰਿ ਤੁਮਰੇ ਕਾਜ ਸਵਾਰੇ ॥ (ਪੰਨਾ-੨੦੧)

ਇਹ ਆਤਮ ਮੰਡਲ ਦੀ ਤੁਰੀਆ **ਅਵੱਸਥਾ** ਹੈ ਜਿਥੇ 'ਤੂ ਤੂ ਕਰਤਾ ਤੂ ਹੂਆ' ਅਨੁਸਾਰ ਨਾਮ ਅਭਿਆਸ ਕਮਾਈ ਕਰਦਿਆਂ ਜਗਿਆਸੂ ਦਾ **'ਮੈਂ-ਮੇਰੀ ਦਾ ਭਰਮ-ਭੁਲੇਖਾ** ਦੂਰ ਹੋ ਜਾਂਦਾ ਹੈ ਅਥਵਾ ਮਨ—

**ਦੂਜੇ ਭਾਉ**

ਦੇ ਹਨੇਰ ਵਿਚੋਂ ਨਿਕਲਕੇ—

**ਆਤਮਿਕ ਪ੍ਰਕਾਸ਼**

ਵਿਚ ਵਰਤਦਾ ਹੈ—

ਹਉ ਕਿਛੁ ਨਾਹੀ ਏਕੋ ਤੂਹੈ ਆਪੇ ਆਪਿ ਸੁਜਾਨਾ ॥ (ਪੰਨਾ-੭੭੯)

ਹਉ ਕਿਛੁ ਨਾਹੀ ਸਭੁ ਕਿਛੁ ਤੇਰਾ ॥
ਓਤਿ ਪੋਤਿ ਨਾਨਕ ਸੰਗਿ ਬਸੇਰਾ ॥ (ਪੰਨਾ-੭੩੯)

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ (ਪੰਨਾ-੯੭)

ਜਹ ਦੇਖਾ ਤਹ ਏਕੋ ਸੋਈ ॥
**ਦੂਜੀ ਦੁਰਮਤਿ** ਸਬਦੇ ਖੋਈ ॥ (ਪੰਨਾ-੧੦੫੧)

ਇਸ ਅਵੱਸਥਾ ਵਿਚ ਜੀਵ ਗੁਰੂ ਦਾ **ਬੈ ਖਰੀਦ ਗੋਲਾ** ਬਣਕੇ ਉਸ ਦੇ ਪ੍ਰੇਮ ਵਿਚ **ਹੁਕਮ ਦੀ ਕਾਰ ਕਮਾਉਂਦਾ ਹੈ** ਜਿਸ ਵਿਚ '**ਦੂਜੇ ਭਾਉ**' ਦਾ **ਅਭਾਵ** ਹੁੰਦਾ ਹੈ।

ਗੁਰ ਮਿਲਿ ਤਿਆਗਿਓ ਦੂਜਾ ਭਾਉ ॥
ਗੁਰਮੁਖਿ ਜਪਿਓ ਹਰਿ ਕਾ ਨਾਉ ॥ (ਪੰਨਾ-੧੧੪੭)

**ਜਦ ਜੀਵ ਦੀ ਆਤਮਾ—**

ਗੁਰੂ ਦੇ ਪਿਆਰ ਵਿਚ
ਨਾਮ ਦੇ ਰੰਗ ਵਿਚ
ਸ਼ਬਦ ਦੀ ਧੁਨੀ ਵਿਚ
ਪ੍ਰੀਤ-ਪ੍ਰੇਮ-ਪਿਆਰ ਦੇ ਉਮਾਹ ਵਿਚ

**ਉਛਲਦੀ ਹੈ** ਤਾਂ ਉਸ ਦੀ ਹਰ—

ਹਰਕਤ ਵਿਚ
ਤੱਕਣੀ ਵਿਚ



1 *Wherever the business and affairs of His servants are, there the Lord hurries to be. The Lord appears near at hand to His servant.* *403*

2 *Remain steady in the home of your own self, O beloved servant of the Lord. The True Guru shall resolve all your affairs.* *201*

This is the state of ecstasy of the spiritual realm where according to 'repeating You, You, I have become like You', and cultivating the practice of Naam the truth-seeker's doubt-fallacy of 'me- miness' leaves him or the mind coming out of the darkness of

**Second love**

embraces—

**Spiritual illumination**

3 *I am nothing; You are the One and only. You Yourself are All-knowing.* *779*

4 *I am nothing; everything is Yours.*
*Through and through, You abide with Nanak.* *739*

5 *All share in Your Grace; none are beyond You.* *97*

6 *Wherever I look, there I see Him.*
*Duality and evil-mindedness are destroyed through the Shabad.* *1041*

In this stage man becoming the purchased slave of the Guru and in his love, cultivates the act of hukam or command in which there is absence of 'second love'.

7 *Meeting with the Guru, I have forsaken the love of duality.*
*As Gurmukh, I chant the Name of the Lord.* *1147*

When man's soul is brimming -

In guru's love
In the colour or hue of Naam
In the celestial sound of the word
in the exuberance of love, affection, adoration

then in his each and every

movement
glance

L132.9

ਗੁਫ਼ਤਾਰ ਵਿਚ
ਰਫ਼ਤਾਰ ਵਿਚ
ਛੋਹ ਵਿਚ
ਭਾਵਨਾ ਵਿਚ
ਉਮਾਹ ਵਿਚ

ਨਾਨਕ ਪਿਆਰ—

## ਨਾਮ

**ਠਾਠਾਂ** ਮਾਰ ਰਿਹਾ ਹੁੰਦਾ ਹੈ।

ਇਸ ਤਰ੍ਹਾਂ ਉਨ੍ਹਾਂ ਦੇ ਜੀਵਨ ਦਾ ਹਰ ਪਲ, ਹਰ ਖਿਨ, ਦਿਨ-ਰਾਤ—ਅਰਥਾਤ **ਸਮੁੱਚਾ ਜੀਵਨ** ਗੁਰੂ ਦੇ ਹੁਕਮ ਦੇ ਪ੍ਰਾਇਣ ਅਥਵਾ **ਆਤਮ ਪ੍ਰਾਇਣ** ਹੁੰਦਾ ਹੈ। ਮਾਇਕੀ ਦੁਨੀਆਂ ਵਿਚ ਵਰਤਦਿਆਂ ਹੋਇਆਂ ਵੀ ਉਨ੍ਹਾਂ ਦੇ ਕਰਮ-ਧਰਮ **ਦੈਵੀ** ਹੁੰਦੇ ਹਨ।

ਸਤਿਗੁਰ ਅਜਿਹੀਆਂ ਗੁਰਮੁਖ ਰੂਹਾਂ ਨੂੰ ਇਉਂ ਪਿਆਰਦਾ ਹੈ—

ਖੇਲਿ ਖਿਲਾਇ ਲਾਡ ਲਾਡਾਵੈ ਸਦਾ ਸਦਾ ਅਨਦਾਈ ॥
ਪ੍ਰਤਿਪਾਲੈ ਬਾਰਿਕ ਕੀ ਨਿਆਈ ਜੈਸੇ ਮਾਤ ਪਿਤਾਈ ॥ (ਪੰਨਾ-੧੨੧੩)

ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ ॥
ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ ॥
ਸਹਜੇ ਸਹਜਿ ਖਿਲਾਇਦਾ ਨਹੀ ਕਰਦਾ ਆਲਕ ॥
ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ ॥
ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ ॥
ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ ॥
**ਸਾਝੀ ਗੁਰ ਨਾਲਿ ਬਹਾਲਿਆ** ਸਰਬ ਸੁਖ ਪਾਇਕ ॥
ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ ॥
(ਪੰਨਾ-੧੧੦੧-੧੧੦੨)

ਜਦ ਅਸੀਂ ਕਿਸੇ ਕੰਪਨੀ ਵਿਚ ਪੂਰੀ ਦਿਆਨਤਦਾਰੀ ਨਾਲ ਕੰਮ ਕਰਦੇ ਹਾਂ ਤਾਂ ਪਹਿਲਾਂ ਸਾਨੂੰ ਤਨਖਾਹ ਮਿਲਦੀ ਹੈ, ਸਹਿਜੇ-ਸਹਿਜੇ ਕੰਪਨੀ ਦਾ ਮਾਲਕ ਸਾਨੂੰ ਹਿੱਸੇਦਾਰ ਬਣਾ ਲੈਂਦਾ ਹੈ, ਜਿਥੇ ਤਰੱਕੀ ਕਰਦੇ-ਕਰਦੇ ਅਸੀਂ ਡਾਇਰੈਕਟਰ ਬਣ ਜਾਂਦੇ ਹਾਂ ਅਤੇ ਅੰਤ ਉਹ ਸਾਨੂੰ ਕੰਪਨੀ ਦੀ ਮਾਲਕੀ ਸੌਂਪ ਦਿੰਦਾ ਹੈ।

ਇਸੇ ਤਰ੍ਹਾਂ ਇਲਾਹੀ ਵਡ ਖੇਲ ਤਮਾਸ਼ੇ ਵਿਚ ਵਿਚਰਦਿਆਂ ਗੁਰਸਿੱਖ ਦੀ ਸੁਰਤੀ ਇਲਾਹੀ ਪ੍ਰੀਤ-ਡੋਰੀ ਦੀ ਖਿੱਚ ਨਾਲ ਆਤਮ-ਮੰਡਲ ਦੇ ਪ੍ਰੇਮ-ਸਵੈਪਨਾਵਾਂ ਦੇ ਅਕਾਸ਼ ਵਿਚ



Utterance
Speed
Touch
Desire
Exuberance

Nanak love—

**NAAM**

surges forth.

Thus they pass every moment, second, day-night—meaning their life as a whole according to Guru's command or Divine will. Despite abiding in this materialistic world their religious beliefs and practices are Divine.

Satguru, (the true guru) shows his love of such guru-oriented souls thus—

1 *He plays with me, He fondles and caresses me. Forever and ever, He blesses me with bliss.*
*He cherishes me, like the father and the mother love their child.* 1213

2 *The Dear Lord is my mother, the Dear Lord is my father; the Dear Lord cherishes and nurtures me.*
*The Dear Lord takes care of me; I am the child of the Lord.*
*Slowly and steadily, He feeds me; He never fails.*
*He does not remind me of my faults; He hugs me close in His embrace.*
*Whatever I ask for, He give me; the Lord is my peace-giving father.*
*He has blessed me with the capital, the wealth of spiritual wisdom; He has made me worthy of this merchandise.*
*He has made me a partner with the Guru; I have obtained all peace and comforts.*
*He is with me, and shall never separate from me; the Lord, my father, is potent to do everything.* 1101-1102

When we work in a company with honesty, first we get our salary, gradually the owner of the company makes us shareholders and making progress after progress we become directors and eventually the owner hands over the ownership of the company.

In this way abiding in the Divine great-play-drama, the attention of a Gursikh with the pull of Divine love-cord, flying in the spiritual realm's heavens of love of one's inner self, intoxicated in the

ਉਡਾਰੀਆਂ ਲਾਉਂਦੀ ਹੋਈ ਆਤਮ-ਰੰਗ-ਰਸ ਵਿਚ ਮਤਵਾਰੀ ਹੋ ਜਾਂਦੀ ਹੈ ਤਾਂ ਉਸ ਨੂੰ **'ਦੂਜੇ ਭਾਉ'** ਅਥਵਾ ਮਾਇਕੀ-ਮੰਡਲ ਦੀ—

## 'ਪਕੜ ਨਹੀਂ ਰਹਿੰਦੀ'

ਅਜਿਹੇ ਭਗਤ, ਗੁਰਮੁਖ ਜਨ ਸਹਿਜ-ਸੁਭਾਇ ਹੀ ਅਕਾਲ-ਪੁਰਖ ਦੀਆਂ **ਸਭੇ** ਬਰਕਤਾਂ ਤੇ ਬਖਸ਼ਿਸ਼ਾਂ ਦੇ **ਪਾਤਰ** ਬਣ ਜਾਂਦੇ ਹਨ, ਅਕਾਲ ਪੁਰਖ ਤੇ ਉਨ੍ਹਾਂ ਵਿਚਾਲੇ ਕੋਈ ਭੇਦ ਨਹੀਂ ਰਹਿੰਦਾ—

ਹਰਿ ਹਰਿਜਨ ਦੁਇ ਏਕ ਹੈ ਬਿਬ ਬਿਚਾਰ ਕਛੁ ਨਾਹਿ ॥ (ਬਚਿਤ੍ਰ ਨਾਟਕ)

ਹਰਿ ਕਾ ਸੇਵਕੁ ਸੋ ਹਰਿ ਜੇਹਾ ॥
ਭੇਦੁ ਨ ਜਾਣਹੁ ਮਾਣਸ ਦੇਹਾ ॥ (ਪੰਨਾ-੧੦੭੬)

ਇਹ ਊਚਮ-ਊਚੀ, ਸੂਛਮ-ਸੂਛੀ **ਆਤਮਿਕ ਖੇਲ** ਨਿਰਾਲੀ ਨਿਰਮਲ ਤੇ ਕਠਿਨ ਹੈ, ਪਰ ਗੁਰੂ ਦੀ ਕਿਰਪਾ ਤੇ ਸਾਧ ਸੰਗਤ ਦੀ ਸਹਾਇਤਾ ਨਾਲ ਇਹ **ਗਾਖੜੀ ਖੇਲ** ਵੀ **ਸੌਖੀ** ਹੋ ਜਾਂਦੀ ਹੈ—

ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ
ਪਕਰਿਓ ਗਢ ਕੋ ਰਾਜਾ ॥ (ਪੰਨਾ-੧੧੬੧)

ਅਕਾਲ ਪੁਰਖ **ਇੱਕ** ਹੈ।

ਇਸ **ਏਕੈ** ਤੋਂ ਹੀ **ਦੂਜਾ-ਭਾਉ** ਉਪਜਿਆ ਹੈ—

ਏਕਸੁ ਤੇ ਸਭੁ ਦੂਜਾ ਹੂਆ ॥
ਏਕੋ ਵਰਤੈ ਅਵਰੁ ਨ ਬੀਆ ॥ (ਪੰਨਾ-੮੪੨)

ਇਸ ਲਈ **'ਦੂਜੇ ਭਾਉ** ਨੂੰ **ਸਮਝਣ**-ਬੁੱਝਣ ਲਈ—

**'ਏਕੈ' ਦਾ ਅਨੁਭਵ ਕਰਨਾ**
**ਲਾਜ਼ਮੀ** ਹੈ।

ਮੂਲ ਬਿਨਾ ਸਾਖਾ ਕਤ ਆਹੈ ॥ (ਪੰਨਾ-੧੧੪੯)



divine love on whom **'second love'** or materialistic realm

## does not have any Grip.

Such devotees, guru-oriented humble ones automatically, become deserving of all the gifts and blessings of the Timeless Being. There remains no difference between the Timeless Being and them.

1 *The Lord and His devotees are one, there is no difference between them.* *(Bachitar Natak)*

2 *The Lord's servant becomes like the Lord.*
*Do not think that, because of his human body, he is different.* 1076

This lofty, pure spiritual play is extraordinary, pure and tough, but with Guru's grace and the assistance of sadhsangat (company of the holy) this stiff play becomes easy—

3 *In the Saadh Sangat, the Company of the Holy, and by Guru's Grace, I have captured the king of the fortress.* 1161

The Timeless Being is One.

It is from this One that second love has originated.

4 *From the One Lord, all others were formed.*
*The One Lord is pervading everywhere; there is no other at all.* 842

For this reason to understand-discover 'second love'—

**'It is necessary to have the intuitional experience**
**Of the 'One'**

5 *Without roots, how can there be any branches?* 1149

ਇਸ ਲਈ **'ਦੂਜੇ ਭਾਉ'** ਨੂੰ—

ਜਾਨਣ

ਸਮਝਣ

ਲਈ—

ਮੁੱਢਲੇ ਮੂਲ—

**'ਏਕੈ'**

ਨੂੰ ਅੰਤ੍ਰ ਆਤਮੇ **ਅਨੁਭਵ** ਦੁਆਰਾ—

ਜਾਨਣਾ

ਬੁੱਝਣਾ

ਪਹਿਚਾਨਣਾ

ਜ਼ਰੂਰੀ ਹੈ—ਵਰਨਾ ਅਸੀਂ **ਦੂਜੇ ਭਾਉ** ਦੇ ਭਰਮ ਭੁਲੇਖਿਆਂ ਵਿਚੋਂ **ਨਿਕਲ ਨਹੀਂ ਸਕਦੇ !**

ਇਹ 'ਅਨੁਭਵ **ਪ੍ਰਕਾਸ਼'** ਸਤਿਗੁਰੂ ਦੀ 'ਦਾਤ', 'ਛੋਹ', ਬਖ਼ਸ਼ਿਸ਼', ਅਤੇ ਗੁਰਪ੍ਰਸਾਦਿ ਹੈ । ਇਹ ਇਲਾਹੀ ਦਾਤ', 'ਛੋਹ' ਜਾਂ 'ਖ਼ਮੀਰ' ਲਗਾਤਾਰ **ਸਾਧਸੰਗਤ** ਤੇ ਅਤੁੱਟ ਸਿਮਰਨ ਦੀ ਕਮਾਈ ਦੁਆਰਾ 'ਗੁਰ ਪ੍ਰਸਾਦਿ' (Grace) ਦਾ ਫ਼ਲ ਹੈ । 'ਅੰਮ੍ਰਿਤ' ਛਕਾਉਣ ਦੀ ਮਰਯਾਦਾ ਏਸੇ ਖ਼ਮੀਰ' ਦੇ ਅਸੂਲ ਦੀ ਲਖ਼ਾਇਕ ਤੇ ਪ੍ਰਤੀਕ **ਹੈ** ।

ਨਿਰੇ ਪੂਰੇ **ਦਿਮਾਗੀ ਗਿਆਨ ਘੋਟਣ** ਨਾਲ—

ਨਾ 'ਏਕੈ' ਦਾ ਅਨੁਭਵ ਹੋ ਸਕਦਾ ਹੈ

ਅਤੇ

ਨਾ **ਦੂਜੇ ਭਾਉ** ਦਾ ਗਿਆਨ ਹੋ ਸਕਦਾ ਹੈ ।

ਗਿਆਨੁ ਨ ਗਲੀਈ ਢੂਢੀਐ
ਕਥਨਾ ਕਰੜਾ ਸਾਰੁ ॥ (ਪੰਨਾ-੪੬੫)

ਇਸੇ ਲਈ ਗੁਰਬਾਣੀ ਸਾਨੂੰ ਦ੍ਰਿੜ੍ਹ ਕਰਾਉਂਦੀ ਹੈ—

ਗੁਰਪਰਸਾਦੀ **ਏਕ** ਲਿਵ ਲਾਗੀ
ਦੁਬਿਧਾ ਤਦੇ ਬਿਨਾਸੀ ॥ (ਪੰਨਾ-੯੯੩)

( ਸਮਾਪਤ )

L132.12

For this reason to—

Know

Understand

'second love'—

it is very necessary to—

Know

Discover

Recognize

in the innermost consciousness through intuition

The original source

The 'One'

otherwise, we cannot come out of the doubt-fallacies of second love.

This 'intuitional illumination' is the 'gift', 'touch', 'grace' of Satguru. The Divine 'gift ', 'touch', or 'fermentation' is the fruit of Guru's grace through the ceaseless company of sadhsangat and the cultivation of continuous meditation. The practice of taking 'amrit' is symptomatic and symbolic of this principle of 'fermentation'. (fermentation refers to a change, reaction, or total transition that has taken place in something)

With just mere repetition of intellectual knowledge—

Neither can the 'One' be experienced

Nor

Can the knowledge of second love be obtained.

1 *Wisdom cannot be found through mere words.*
*To explain it is as hard as iron.* 465

For this reason Gurbani ingrains in us---

2 *By Guru's Grace, one is lovingly focused on the One Lord,*
*and then, duality is ended.* (993)

L132.12 Completed translating all the 132 lekhs on 110812 by Guru's Grace